ਨੰ: 12/69/98-5ਸਿ5/ 25705

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਸੇਵਾ ਵਿਖੇ

ਮਿਤੀ, ਚੰਡੀਗੜ੍ਹ 9 ਅਕਤੂਬਰ, 2001

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ ਡਿਪਟੀ ਕਮਿਸ਼ਨਰ, ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ,
ਜ਼ਿਲ੍ਹਿਆਂ ਦੇ ਸਮੂਹ ਸਿਵਲ ਸਰਜਨ ਅਤੇ
ਪ੍ਰਿੰਸੀਪਲ ਮੈਡੀਕਲ/ਡੈਂਟਲ ਕਾਲਜ ਪਟਿਆਲਾ, ਫਰੀਦਕੋਟ ਅਤੇ ਅੰਮ੍ਰਿਤਸਰ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਨੂੰ ਕੰਪਲੀਕੇਟਡ ਕਰਾਨਿਕ ਬਿਮਾਰੀਆਂ ਦੇ ਤੌਰ ਆਊਟਡੋਰ ਮਰੀਜ਼ ਕਰਵਾਏ ਗਏ ਇਲਾਜ ਤੇ ਹੋਏ ਖਰਚੇ ਦੀ ਪ੍ਰਤੀ-ਪੂਰਤੀ ਕਰਨ ਬਾਰੇ।

*****

CP/396

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ: 12/69/98-5ਐਚ.ਬੀ5/21329-33 ਮਿਤੀ 1 ਸਤੰਬਰ, 2000 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਪੱਤਰ ਨਾਲ ਨੱਥੀ ਕੀਤੀ ਗਈ ਸੂਚੀ (ਐਨਕਸਚਰ-ਏ) ਵਿੱਚ ਦਰਜ਼ ਕੰਪਲੀਕੇਟਡ ਕਰਾਨਿਕ ਬਿਮਾਰੀਆਂ ਤੋਂ ਪੀੜਤ ਸਰਕਾਰੀ ਕਰਮਚਾਰੀਆਂ/ਪੈਨਸ਼ਨਰਾਂ ਅਤੇ ਉਹਨਾਂ ਤੇ ਆਸ਼ਰਿਤ ਪਰਿਵਾਰ ਦੇ ਮੈਂਬਰਾਂ ਵਲੋਂ, ਤੌਰ ਆਊਟਡੋਰ ਮਰੀਜ਼ ਕਰਵਾਏ ਗਏ ਇਲਾਜ ਤੇ ਹੋਏ ਖਰਚੇ ਦੀ ਪ੍ਰਤੀ-ਪੂਰਤੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਹਨਾਂ ਹਦਾਇਤਾਂ ਅਧੀਨ ਪ੍ਰਤੀ-ਪੂਰਤੀ ਕਰਨ ਸੰਬੰਧੀ ਕੁਝ ਵਿਭਾਗਾਂ ਵਲੋਂ ਵੱਖ-ਵੱਖ ਨੁਕਤਿਆਂ ਤੇ ਸਪੱਸ਼ਟੀਕਰਣ ਮੰਗੇ ਗਏ ਸਨ। ਮਾਮਲੇ ਨੂੰ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਨੁਕਤਾ-ਵਾਰ ਸਪੱਸ਼ਟੀਕਰਨ ਦਿੱਤਾ ਜਾਂਦਾ ਹੈ:-

| ਸਪੱਸ਼ਟੀਕਰਣ ਲਈ ਉਠਾਇਆ ਗਿਆ ਨੁਕਤਾ | ਸਪੱਸ਼ਟੀਕਰਣ |
|---|---|
| 1) ਜੇਕਰ ਕਰਮਚਾਰੀ/ਪੈਨਸ਼ਨਰ ਕਰੌਨਿਕ ਬਿਮਾਰੀ ਦੇ ਸਬੰਧ ਵਿੱਚ ਬਾਹਰੀ ਤੌਰ ਤੇ ਇਲਾਜ ਲੈਣ ਉਪਰੰਤ ਆਪਣਾ ਮੈਡੀਕਲ ਕਲੇਮ ਸਾਲ ਦੌਰਾਨ ਵਾਰ-ਵਾਰ ਅਦਾਇਗੀ ਲਈ ਪੇਸ਼ ਕਰਦੇ ਹਨ, ਜਿਸ ਦੀ ਰਾਸ਼ੀ 6000/- ਰੁਪਏ ਦੀ ਨਿਸ਼ਚਿਤ ਕੀਤੀ ਸੀਮਾਂ ਤੋਂ ਘੱਟ ਹੋਵੇ ਤਾਂ ਅਜਿਹੇ ਕਲੇਮਾਂ ਵਿੱਚ ਖਰਚੇ ਦੀ ਪ੍ਰਤੀ-ਪੂਰਤੀ ਕਰਨ ਸਬੰਧੀ ਕੀ ਫੈਸਲਾ ਲਿਆ ਜਾਵੇ। | ਜੇਕਰ ਕਰਮਚਾਰੀ/ਪੈਨਸ਼ਨਰ ਵਲੋਂ ਕਰੌਨਿਕ ਬਿਮਾਰੀ ਦੇ ਸਬੰਧ ਵਿੱਚ ਬਾਹਰੀ ਤੌਰ ਤੇ ਇਲਾਜ ਲੈਣ ਉਪਰੰਤ ਸਾਲ ਵਿੱਚ ਵਾਰ-ਵਾਰ ਪੇਸ਼ ਕੀਤੇ ਮੈਡੀਕਲ ਬਿਲਾਂ ਦੀ ਰਕਮ 6000/- ਰੁਪਏ ਤੋਂ ਘੱਟ ਹੈ ਤਾਂ ਸਰਕਾਰ ਦੀਆਂ ਹਦਾਇਤਾਂ ਮਿਤੀ 1.9.2000 ਦੇ ਪੈਰਾ-1 ਦੇ ਸਨਮੁੱਖ ਅਜਿਹੇ ਮੈਡੀਕਲ ਬਿਲਾਂ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ। ਰੀ-ਇਮਬਰਸਮੈਂਟ ਤਦ ਹੀ ਕੀਤੀ ਜਾਣੀ ਹੈ ਜੇਕਰ ਸਾਲ ਦੌਰਾਨ ਪੇਸ਼ ਕੀਤੇ ਸਾਰੇ ਬਿਲਾਂ ਦੀ ਰਕਮ 6000/- ਰੁਪਏ ਤੋਂ ਵੱਧ ਹੋਵੇ ਭਾਵ ਕਿ ਮੈਡੀਕਲ ਖਰਚੇ ਦੀ ਪਹਿਲੀ 6000/- ਰੁਪਏ ਦੀ ਰਕਮ ਕਰਮਚਾਰੀ/ਪੈਨਸ਼ਨਰ ਨੇ ਆਪਣੇ ਪਾਸੋਂ ਖਰਚ ਕਰਨੀ ਹੈ। ਮਿਸਾਲ ਦੇ ਤੌਰ ਤੇ ਜੇਕਰ ਪੂਰੇ ਸਾਲ ਦਾ ਖਰਚਾ 6250/- ਰੁਪਏ ਬਣਦਾ ਹੈ ਤਾਂ 250/- ਰੁ ਦੀ ਰਕਮ ਹੀ ਅਦਾ ਕਰਨ ਯੋਗ ਹੋਵੇਗੀ। |

.....2....

| | |
|---|---|
| | ਸਾਲ 2000-2001 ਲਈ ਅਦਾਇਗੀ ਪਰੋਰਾਟਾ ਆਧਾਰ ਤੇ ਕੀਤੀ ਜਾਣੀ ਹੈ। ਉਸ ਸਾਲ ਲਈ ਵਿਚਾਰ ਅਧੀਨ ਰਕਮ ਰੁ 6000/- ਦੀ ਜਗ੍ਹਾ ਰੁ 3500/- ਹੋਵੇਗੀ। |
| 2) ਕਰਮਚਾਰੀਆਂ/ਪੈਨਸ਼ਨਰਾਂ ਵਲੋਂ ਕਰੌਨਿਕ ਬਿਮਾਰੀਆਂ ਦੇ ਸਿਲਸਿਲੇ ਵਿੱਚ ਲਏ ਇਲਾਜ ਸਬੰਧੀ ਜ਼ੇਕਰ ਕਲੇਮ ਸਾਲ ਬਾਅਦ ਇਕੱਠਾ ਪੇਸ਼ ਕੀਤਾ ਜਾਂਦਾ ਹੈ ਤਾਂ ਕੀ ਇਹ ਕਲੇਮ ਮਿਆਦ ਪੂਰਾ ਨਹੀਂ ਗਿਣਿਆ ਜਾਵੇਗਾ, ਕਿਉਂਕਿ ਬਿਲ ਪੇਸ਼ ਕਰਨ ਦੀ ਸੀਮਾਂ ਛੇ ਮਹੀਨੇ ਨਿਰਧਾਰਤ ਕੀਤੀ ਹੋਈ ਹੈ। | ਮੌਜੂਦਾ ਹਦਾਇਤਾਂ (ਮਿਤੀ 1.9.2000) ਦੇ ਸਨਮੁੱਖ ਹਰ ਸਾਲ 1 ਮਾਰਚ ਤੋ ਅਗਲੇ ਸਾਲ 28 ਫਰਵਰੀ ਤੱਕ ਕੰਪਲੀਕੇਟਡ ਕਰੌਨਿਕ ਬਿਮਾਰੀਆਂ ਤੇ ਕੀਤੇ ਖਰਚੇ ਸਬੰਧੀ ਬਿਲ ਅਗਲੇ ਸਾਲ ਦੀ 31 ਮਾਰਚ ਤੱਕ ਪੇਸ਼ ਕਰਨੇ ਹੋਣਗੇ/ਕੀਤੇ ਜਾ ਸਕਦੇ ਹਨ। ਬਿਲ ਪੇਸ਼ ਕਰਨ ਸਮੇ ਅਸੈਂਸ਼ੀਐਲਟੀ ਸਰਟੀਫਿਕੇਟ ਅਤੇ ਹੋਰ ਦਸਤਾਵੇਜ਼ ਪੇਸ਼ ਕਰਨੇ ਜ਼ਰੂਰੀ ਹੋਣਗੇ। ਜ਼ੇਕਰ ਕਿਸੇ ਯੋਗ ਕਾਰਨ ਕੋਈ ਕਰਮਚਾਰੀ/ਪੈਨਸ਼ਨਰ ਇਸ ਤਰ੍ਹਾਂ ਨਹੀਂ ਕਰ ਸਕਦਾ ਤਾਂ ਮੌਜੂਦਾ ਹਦਾਇਤਾਂ ਅਨੁਸ਼ਾਰ ਕਾਰਵਾਈ ਕੀਤੀ ਜਾਣੀ ਹੈ ਅਤੇ ਉਹੀ ਸਮਾਂ ਸੀਮਾਂ ਲਾਗੂ ਹੋਵੇਗੀ ਜੋ ਕਿ 31 ਮਾਰਚ ਤੋ ਬਾਦ ਗਿਣੀ ਜਾਵੇਗੀ। |
| 3) ਕੀ ਕੰਪਲੀਕੇਟਡ ਕਰੌਨਿਕ ਬਿਮਾਰੀ ਨਾਲ ਸਬੰਧਤ ਸਰਟੀਫਿਕੇਟ ਦੇ ਆਧਾਰ ਤੇ ਚੰਡੀਗੜ੍ਹ /ਪੰਜਾਬ ਸਥਿਤ ਡਿਸਪੈਂਸਰੀਆਂ ਤੋ ਕਰਵਾਏ ਇਲਾਜ ਤੇ ਆਏ ਖਰਚੇ ਦੀ ਪ੍ਰਤੀ-ਪੂਰਤੀ ਕੀਤੀ ਜਾ ਸਕਦੀ ਹੈ ਜਾਂ ਨਹੀਂ। | ਮਿਤੀ 1.9.2000 ਤੋ ਬਾਦ ਕੰਪਲੀਕੇਟਡ ਕਰੌਨਿਕ ਬਿਮਾਰੀਆਂ ਦੇ ਇਲਾਜ ਤੇ ਆਉਣ ਵਾਲੇ ਖਰਚੇ ਦ ਪ੍ਰਤੀ-ਪੂਰਤੀ ਸਿਰਫ ਉਦੋ ਸੰਭਵ ਹੈ ਜ਼ੇਕਰ ਕਲੇਮਕਰਤਾ ਰਾਜ ਸਰਕਾਰ ਦੇ ਮੈਡੀਕਲ ਕਾਲਜਾਂ ਜਾਂ ਪੀ.ਜੀ. ਆਈ ਚੰਡੀਗੜ੍ਹ ਜਾਂ ਏਮਜ਼ ਨਵੀਂ ਦਿਲੀ ਤੋ ਪ੍ਰਾਪਤ ਕੀਤੇ ਸਰਟੀਫਿਕੇਟ ਦੇ ਸਨਮੁੱਖ ਦਵਾਈਆਂ ਖਰੀਦ ਕਰਦਾ ਹੈ ਅਤੇ ਬਿਲ ਬਕਾਇਦਾ ਉਪਰੋਕਤ ਸੰਸਥਾ ਤੋ ਤਸਦੀਕ ਕਰਵਾਉਣ ਉਪਰੰਤ ਪੇਸ਼ ਕਰਦਾ ਹੈ। ਇਲਾਜ ਕਿੰਨੇ ਸਮੇਂ ਲਈ ਜ਼ਰੂਰੀ ਹੈ ਅਤੇ ਕੀ ਦਵਾਈਆਂ ਆਦਿ ਜ਼ਰੂਰੀ ਹਨ ਇਹ ਤਸਦੀਕ ਮੈਡੀਕਲ ਕਾਲਜਾਂ, ਪੀ.ਜੀ.ਆਈ, ਚੰਡੀਗੜ੍ਹ, ਏਮਜ਼ ਨਵੀਂ ਦਿਲੀ ਵਲੋਂ ਹੀ ਕੀਤੀ ਜਾਣੀ ਹੈ। ਕਿਸੇ ਹੋਰ ਹਸਪਤਾਲ ਵਲੋਂ ਤਜਵੀਜ਼ ਕੀਤੀ ਦਵਾਈ ਆਦਿ ਦੀ ਰੀ-ਇੰਬਰਸਮੈਂਟ ਨਹੀਂ ਕੀਤੀ ਜਾ ਸਕਦੀ। |
| 4) ਕੀ 6000/- ਰੁਪਏ ਪ੍ਰਤੀ ਸਾਲ ਦੇ ਖਰਚੇ ਦੀ ਸੀਮਾਂ ਵੇਖਣ ਲਈ ਸਰਕਾਰੀ ਕਰਮਚਾਰੀ/ਪੈਨਸ਼ਨਰ ਦੇ ਵਿਅਕਤੀਗਤ ਇਲਾਜ਼ ਤੇ ਹੋਏ ਖਰਚੇ ਦੀ ਰਕਮ ਸਹਿਤ, ਉਸ ਦੇ ਪਰਿਵਾਰ ਦੇ ਆਸ਼ਰਿਤ ਮੈਂਬਰਾਂ(ਪਤਨੀ, ਬੱਚੇ ਆਦਿ) ਦੀ ਕੰਪਲੀਕੇਟਡ ਕਰਾਨਿਕ ਬਿਮਾਰੀ ਦੇ ਇਲਾਜ ਤੇ ਹੋਏ ਖਰਚੇ ਨੂੰ ਵੀ ਵੇਖਣਾ ਹੈ? ਜਾਂ ਕਿ ਪਰਿਵਾਰ ਦੇ ਇਕੱਲੇ-ਇਕੱਲੇ ਆਸ਼ਰਿਤ ਦੇ ਇਲਾਜ ਤੇ ਹੋਏ ਖਰਚੇ ਦੀ ਰਕਮ ਨੂੰ ਅਲੱਗ-ਅਲੱਗ ਵੇਖਿਆ ਜਾਣਾ ਹੈ। | 6000/- ਰੁਪਏ ਪ੍ਰਤੀ ਸਾਲ ਖਰਚੇ ਦੀ ਸੀਮਾਂ ਵੇਖਣ ਲਈ ਕਰਮਚਾਰੀ/ਪੈਨਸ਼ਨਰ ਦੇ ਵਿਅਕਤੀਗਤ ਇਲਾਜ ਤੇ ਹੋਏ ਖਰਚੇ ਦੀ ਰਕਮ ਸਹਿਤ, ਉਸ ਦੇ ਇਲੀਜੀਬਲ ਆਸ਼ਰਿਤ ਪਰਿਵਾਰ ਦੇ ਮੈਂਬਰਾਂ ਦੀ ਕੰਪਲੀਕੇਟਡ ਕਰੌਨਿਕ ਬਿਮਾਰੀ ਦੇ ਇਲਾਜ ਤੇ ਹੋਏ ਖਰਚੇ, ਜ਼ੇਕਰ ਕੋਈ ਹੋਵੇ, ਨੂੰ ਵੀ ਧਿਆਨ ਵਿੱਚ ਰੱਖਣਾ ਹੈ ਨਾ ਕਿ ਪਰਿਵਾਰ ਦੇ ਇਕੱਲੇ-ਇਕੱਲੇ ਆਸ਼ਰਿਤ ਦੇ ਇਲਾਜ ਤੇ ਹੋਏ ਖਰਚੇ ਦੀ ਰਕਮ ਨੂੰ ਵੇਖਣਾ ਹੈ। ਮਿਸਾਲ ਦੇ ਤੌਰ ਤੇ ਜ਼ੇਕਰ ਇਕ ਆਸ਼ਰਿਤ ਮੈਂਬਰ ਦਾ ਖਰਚ 10,000/- ਰੁਪਏ ਇਕ ਵਿਤੀ ਸਾਲ |

......3

ਵਿੱਚ ਹੁੰਦਾ ਹੈ ਤੇ ਦੂਸਰੇ ਆਸ਼੍ਰਿਤ ਮੈਂਬਰ ਦਾ ਉਸੇ ਵਿਤੀ ਸਾਲ ਵਿੱਚ 4000/- ਰੁਪਏ ਖਰਚ ਆਉਂਦਾ ਹੈ ਤਾਂ ਕਲੇਮਕਰਤਾ ਨੂੰ 14000-6000 = 8000 ਰੁ ਦੀ ਪ੍ਰਤੀ-ਪੂਰਤੀ ਕੀਤੀ ਜਾਵੇਗੀ। ਭਾਵ ਕਿ ਕਰਮਚਾਰੀ/ਪੈਨਸ਼ਨਰ ਅਤੇ ਉਨ੍ਹਾਂ ਦੇ ਆਸ਼੍ਰਿਤਾਂ ਦਾ ਕੁਲ ਖਰਚਾ ਇਕੱਠਾ ਕਰਕੇ ਜੋ ਰਕਮ ਬਣਦੀ ਹੈ ਉਸ ਵਿਚੋ 6000/- ਰੁਪਏ ਘਟਾ ਕੇ ਬਾਕੀ ਰਕਮ ਅਦਾ ਕੀਤੀ ਜਾਣੀ ਹੈ।

2. ਇਹ ਸਪੱਸ਼ਟੀਕਰਣ ਸਮੂਹ ਕਰਮਚਾਰੀਆਂ/ਅਧਿਕਾਰੀਆਂ/ਪੈਨਸ਼ਨਰਾਂ ਵਲੋਂ ਪਾਲਣਾ ਕਰਨ ਹਿੱਤ/ਜਾਣਕਾਰੀ ਹਿੱਤ, ਉਹਨਾਂ ਦੇ ਧਿਆਨ ਵਿੱਚ ਲਿਆ ਦਿੱਤੇ ਜਾਣ।

3. ਇਹ ਸਪੱਸ਼ਟੀਕਰਣ ਵਿੱਤ ਵਿਭਾਗ ਦੇ ਅ:ਵਿ:ਪੱ:ਨੰ: 2/93/2001-ਐਫ.ਪੀ/6523 ਮਿਤੀ 3.8.2001 ਅਤੇ ਅ:ਵਿ:ਪੱ:ਨੰ: 2/93/2001-ਐਫ.ਪੀ.1/1806 ਮਿਤੀ 21.9.2001 ਰਾਹੀਂ ਪ੍ਰਾਪਤ ਹੋਏ ਸਪੱਸ਼ਟੀਕਰਣ/ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਗਿਆ ਹੈ।

ਵਿਸ਼ਵਾਸ਼ਪਾਤਰ,

(ਪੀ.ਐਸ.ਜਿੰਦਲ) 9.10.2001

ਉਪ ਸਕੱਤਰ, ਸਿਹਤ(ਜੈ) 9/x/01

ਉਤਾਰਾ ਸਮੂਹ ਵਿਤੀ ਕਮਿਸ਼ਨਰਾਂ, ਪ੍ਰਿੰਸੀਪਲ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

9.10.2001

ਉਪ ਸਕੱਤਰ ਸਿਹਤ(ਜੈ) 9/x/01

ਵੱਲ

ਸਮੂਹ ਵਿੱਤੀ ਕਮਿਸ਼ਨਰ, ਪ੍ਰਿੰਸੀਪਲ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ:ਵਿ:ਪੱ:ਨੰ: 12/69/98-5ਸਿ5/25706 ਮਿਤੀ, ਚੰਡੀਗੜ੍ਹ 9 ਅਕਤੂਬਰ, 2001

ਪਿ:ਅ:ਨੰ: 12/69/98-5ਸਿ5/ 25707 ਮਿਤੀ, ਚੰਡੀਗੜ੍ਹ 9 ਅਕਤੂਬਰ, 2001

ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਿੱਤ ਸਕੱਤਰ, ਕੇਂਦਰੀ ਸ਼ਾਸ਼ਤ ਪ੍ਰਦੇਸ਼, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
3. ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ।
4. ਅਕਾਊਂਟੈਂਟ ਜਨਰਲ (ਰੈਵਨਿਊ) ਪੰਜਾਬ, ਚੰਡੀਗੜ੍ਹ ਭਵਨ, ਨਵੀਂ ਦਿਲੀ।

....4

No. 531-FII(6)-2002/ 4070

From

The Finance Secretary,
Chandigarh Administration.

To

All Heads of Departments/Offices/Institutions,
Chandigarh Administration.

Dated, Chandigarh the 7.5.2002

Subject - Reimbursement of medical expenses on the treatment of complicated diseases by the Punjab Govt. employees/pensioners as out-door treatment.

ii) Punjab Services (Medical Attendance) Rules, 1940-simplication of procedure regarding Medical reimbursement to the Punjab Govt. employees/pensioners and their eligible dependents.

iii) 75% advance on the treatment of complicated diseases in Govt. Punjab Medical College, P.G.I. and AIIMS New Delhi as out-door treatment.

---

Sir,

The Punjab Govt. Department of Health and Family Welfare Department (Health-5 Branch) vide their letter No. 12/69/98-505/25705, dated 9-10-2001, 12/53/2000-5HBV/2119, dated 23-1-2002 and No. 12/2/2000-505/1898, dated 22-1-2002 (Copies enclosed) issued instructions on the above said subjects. The Administrator, Union Territory, Chandigarh is pleased to adopt these letters in favour of U.T. employees/pensioners and their dependents who retired on or after 1-4-1991.

Jayalam 3/5/2002
Superintendent Finance-II,
for Finance Secretary,
Chandigarh Administration.

No. 531-FII(6)-2002/ 4071

Dated:- 7.5.2002

A copy, with a copy of its enclosures is forwarded to all Administrative Branches, Chandigarh Administration for information and necessary action.

Jayalam 3/5/2002
Superintendent Finance-II,
for Finance Secretary,
Chandigarh Administration.

Despatcher
Chandigarh Administration
Secretariat

Scanned with CamScanner

No. 531-FII(6)-2002/ 3972 Dated:- 7.5.2002

A copy alongwith its enclosures is forwarded to the :-

i) Accountant General, (A&E), Punjab and U.T.Sub-office, Chandigarh.
ii) Accountant General (A&E), Punjab, Chandigarh.
iii) Accountant General (Audit), Punjab Chandigarh.
iv) Treasury Officer, Central Treasury, Chandigarh.

Jayakum 3/5/2002
Superintendent Finance-II,
for Finance Secretary,
Chandigarh Administration.

No. 531-FII(6)-2002 3973 Dated: 7.5.2002

A copy alongwith its enclosures is forwarded to the :-

i) State Bank of India, Sector 17, Chandigarh.
ii) State Bank of Patiala, Sector 17, Chandigarh.
iii) Punjab National Bank, Sector 17, Chandigarh.
iv) Central Bank of India, Sector 17, Chandigarh.
v) Bank of India, Sector 17, Chandigarh.
vi) United Commercial Bank, Sector 17, Chandigarh.

Jayakum 3/5/2002
Superintendent Finance-II,
for Finance Secretary,
Chandigarh Administration.

No. 531-FII(6)-2002/ 3974 Dated:- 7.5.2002

A copy with a copy of its enclosures is forwarded to the Secretary, U.T. Pensioners Welfare Association, H.No. 2940, Sector 37-C, Chandigarh for information.

Jayakum 3/5/2002
Superintendent Finance-II,
for Finance Secretary,
Chandigarh Administration.

Scanned with CamScanner